**ਪੰਜਾਬ ਸਰਕਾਰ**

**ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਵਿਭਾਗ**

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ
ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲ।

ਮੀਮੋ ਨੰ. / 202215062

ਮਿਤੀ: 17.01.2022

**ਵਿਸ਼ਾ:-** **ਕਾਲਜ ਲਾਇਬ੍ਰੇਰੀਆਂ ਵਿੱਚ ਸੁਧਾਰ ਕਰਨ ਲਈ ਪ੍ਰਾਪਤ ਹੋਏ ਸੁਝਾਵਾਂ ਤੇ ਕਾਰਵਾਈ ਕਰਨ ਬਾਰੇ।**

ਹਵਾਲਾ:- ਉਪਰੋਕਤ ਵਿਸ਼ੇ ਸਬੰਧੀ ਮੁੱਖ ਦਫ਼ਤਰ ਵੱਲੋਂ ਪੱਤਰ ਨੰ. 2022 3849/5-1-2022 ਮਿਤੀ 26.12.2021 ਰਾਹੀਂ ਹਦਾਇਤਾਂ ਦੀ ਲਗਾਤਾਰਤਾ ਵਿੱਚ।

**1.0** ਉਚੇਰੀ ਸਿੱਖਿਆ ਵਿਭਾਗ ਦੁਆਰਾ ਕਾਲਜਾਂ ਵਿੱਚ ਸਥਾਪਿਤ ਲਾਇਬ੍ਰੇਰੀਆਂ ਦੀ ਸਾਂਭ-ਸੰਭਾਲ ਅਤੇ ਵਿਦਿਆਰਥੀਆਂ ਦੁਆਰਾ ਵਧੀਆ ਤਰੀਕੇ ਨਾਲ ਵਰਤੋਂ ਸਬੰਧੀ ਵਿਭਾਗ ਦੁਆਰਾ ਪੱਤਰ ਮਿਤੀ 26.12.2021 ਰਾਹੀਂ ਕੁਝ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਇਸ ਸਬੰਧ ਵਿੱਚ ਕੁਝ ਕਾਲਜ ਪ੍ਰਿੰਸੀਪਲਜ਼, ਉਚੇਰੀ ਸਿੱਖਿਆ ਵਿਭਾਗ ਨਾਲ ਸਬੰਧਤ ਅਧਿਆਪਕਾਂ ਅਤੇ ਵਿਦਿਆਰਥੀਆਂ ਦੁਆਰਾ ਕੁਝ ਹੋਰ ਮਹੱਤਵਪੂਰਨ ਸੁਝਾਅ ਪ੍ਰਾਪਤ ਹੋਏ ਹਨ, ਜੋ ਕਿ ਲਾਇਬ੍ਰੇਰੀਆਂ ਦੀ ਸਾਂਭ-ਸੰਭਾਲ ਅਤੇ ਸਦਉਪਯੋਗ ਸਬੰਧੀ ਬਹੁਤ ਹੀ ਲਾਹੇਵੰਦ ਹਨ। ਇਹ ਸੁਝਾਅ/ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

1. ਕਾਲਜਾਂ ਵਿੱਚ ਸਥਾਪਿਤ ਕੀਤੀਆਂ ਲਾਇਬ੍ਰੇਰੀਆਂ ਦਾ ਨਾਂ ਕਿਸੇ ਉੱਘੇ ਸਾਹਿਤਕਾਰ ਜਾਂ ਮਸ਼ਹੂਰ ਸਖਸ਼ੀਅਤ ਦੇ ਨਾਂ ਤੇ ਰੱਖਿਆ ਜਾਵੇ। ਇਸਦੇ ਨਾਲ ਹੀ ਲਾਇਬ੍ਰੇਰੀ ਦਾ ਨਾਂ ਫਲੈਕਸ ਜਾਂ ਮੈਟਲ ਜਾਂ ਵਧੀਆ ਪੇਂਟ ਨਾਲ ਲਿਖਿਆ ਜਾਵੇ ਤਾਂ ਜੋ ਲਾਇਬ੍ਰੇਰੀ ਆਪਣੇ ਆਪ ਹੀ ਵਿਦਿਆਰਥੀਆਂ ਨੂੰ ਆਕਰਸ਼ਿਤ ਲੱਗੇ।
2. ਲਾਇਬ੍ਰੇਰੀ ਦੇ ਕਮਰੇ ਦੀ ਸਾਂਭ-ਸੰਭਾਲ ਲਾਇਬ੍ਰੇਰੀ ਨੂੰ ਸਫ਼ਲ ਬਣਾਉਣ ਲਈ ਬਹੁਤ ਜ਼ਰੂਰੀ ਹੈ। ਆਮ ਤੌਰ ਤੇ ਕੁਝ ਕਾਲਜਾਂ ਦੁਆਰਾ ਲਾਇਬ੍ਰੇਰੀ ਦੀ ਬਹੁਤ ਵਧੀਆ ਤਰੀਕੇ ਨਾਲ ਸਾਂਭ-ਸੰਭਾਲ ਕੀਤੀ ਜਾ ਰਹੀ ਹੈ, ਪ੍ਰੰਤੂ ਕੁਝ ਕਾਲਜਾਂ ਵਿੱਚ ਇਸ ਸਬੰਧੀ ਹੋਰ ਸੁਧਾਰ ਕਰਨ ਦੀ ਲੋੜ ਹੈ। ਮਿਸਾਲ ਦੇ ਤੌਰ 'ਤੇ ਲਾਇਬ੍ਰੇਰੀ ਦੇ ਕਮਰੇ ਵਿੱਚ ਕੰਧਾਂ ਤੇ ਪੇਂਟ ਕਰਵਾਉਣਾ ਬਹੁਤ ਜ਼ਰੂਰੀ ਹੈ। ਪੇਂਟ ਦੀ ਬਜਾਏ ਫਲੈਕਸ, ਵਾਲਪੇਪਰ ਜਾਂ ਇਸ ਤਰ੍ਹਾਂ ਦੇ ਕੁਝ ਹੋਰ ਪ੍ਰਚੱਲਿਤ ਮੈਟੀਰੀਅਲ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਲਾਇਬ੍ਰੇਰੀ ਵਿੱਚ ਪਰਦਿਆਂ ਦਾ ਪ੍ਰਬੰਧ ਹੋਣਾ ਵੀ ਬਹੁਤ ਜ਼ਰੂਰੀ ਹੈ ਤਾਂ ਜੋ ਲਾਇਬ੍ਰੇਰੀ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਬਾਹਰੀ ਤੌਰ ਦੀ ਕਿਸੇ ਪ੍ਰਕਾਰ ਦੀ ਡਿਸਟ੍ਰਬੈਂਸ ਨਾ ਹੋਵੇ।
3. ਲਾਇਬ੍ਰੇਰੀ ਰੂਮ ਵਿੱਚ ਪੜ੍ਹਨ ਲਈ ਮੇਜ਼/ਕੁਰਸੀਆਂ/ਸਟੂਲ, ਅਖ਼ਬਾਰ ਸਟੈਂਡ, ਰੈਕਸ, ਅਲਮਾਰੀਆਂ, ਮੈਗਜ਼ੀਨ ਸਟੈਂਡ, ਵਾਈਟ ਬੋਰਡ, ਡਿਸਪਲੇਅ ਬੋਰਡ ਆਦਿ ਲਗਾਏ ਜਾਣ ਅਤੇ ਫ਼ਰਨੀਚਰ ਨੂੰ ਰੰਗਦਾਰ ਪੇਂਟ ਕਰਵਾਉਣ ਦੀ ਖੇਚਲ ਕੀਤੀ ਜਾਵੇ। ਲਾਇਬ੍ਰੇਰੀ ਵਿੱਚ ਰੌਸ਼ਨੀ ਦਾ ਪੂਰਾ ਪ੍ਰਬੰਧ ਹੋਵੇ।
4. ਲਾਇਬ੍ਰੇਰੀ ਕਮਰੇ ਦੀਆਂ ਕੰਧਾਂ ਤੇ ਸਾਹਿਤਕਾਰਾਂ ਦੇ ਪੋਸਟਰ, ਫਲੈਕਸ, ਫਰੇਮ ਕੀਤੀਆਂ ਤਸਵੀਰਾਂ, ਉਨ੍ਹਾਂ ਦੀ ਸਾਹਿਤ ਲਈ ਦੇਣ, ਜੀਵਨੀ ਅਤੇ ਪ੍ਰਸਿੱਧ ਰਚਨਾਵਾਂ ਆਦਿ ਲਗਾਈਆਂ ਜਾਣ ਅਤੇ ਸਾਹਿਤ ਨਾਲ ਸਬੰਧਤ ਬਾਲਾ ਵਰਕ ਵੀ ਕਰਵਾਇਆ ਜਾਵੇ।
5. ਲਾਇਬ੍ਰੇਰੀ ਕਮਰੇ ਵਿੱਚ ਰੋਜ਼ਾਨਾ ਅਖਬਾਰਾਂ ਨੂੰ ਟੈਗ ਲਗਾ ਕੇ ਨਿਊਜ਼-ਸਟੈਂਡ ਉੱਪਰ ਲਗਾਇਆ ਜਾਵੇ।

6. ਲਾਇਬ੍ਰੇਰੀ ਦੀਆਂ ਸਾਰੀਆਂ ਕਿਤਾਬਾਂ ਨੂੰ ਵਿਸ਼ਾ ਅਤੇ ਭਾਸ਼ਾ ਅਨੁਸਾਰ ਲਾਇਬ੍ਰੇਰੀ ਸਾਇੰਸ ਦੇ ਨਿਯਮਾਂ ਅਨੁਸਾਰ ਤਰਤੀਬਵਾਰ ਰੱਖਿਆ ਜਾਵੇ ਅਤੇ ਸੰਭਾਲਿਆ ਜਾਵੇ ਤਾਂ ਜੋ ਵਿਦਿਆਰਥੀਆਂ ਨੂੰ ਕੋਈ ਵੀ ਕਿਤਾਬ ਲੱਭਣ ਵਿੱਚ ਇਸਦੀ ਆਸਾਨੀ ਹੋਵੇ।

7. ਕੁਝ ਕਾਲਜਾਂ ਵਿੱਚ ਲਾਇਬ੍ਰੇਰੀ ਦੇ ਵਿਜ਼ਿਟ ਦੌਰਾਨ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਬਹੁਤ ਸਾਰੀਆਂ ਕਿਤਾਬਾਂ, ਜੋ ਕਿ ਪਿਛਲੇ ਲਗਭਗ 15 ਸਾਲ ਤੱਕ ਪਹਿਲਾਂ ਦੀਆਂ ਖਰੀਦੀਆਂ ਹੋਈਆਂ ਹਨ, ਪ੍ਰੰਤੂ ਅਜੇ ਤੱਕ ਵੀ ਇਹ ਕਿਤਾਬਾਂ ਕਿਸੇ ਵਿਦਿਆਰਥੀ ਨੂੰ ਇੱਕ ਵਾਰ ਵੀ ਜਾਰੀ (issue) ਨਹੀਂ ਕੀਤੀਆਂ ਗਈਆਂ। ਇਸਤੋਂ ਜਾਪਦਾ ਹੈ ਕਿ ਲਾਇਬ੍ਰੇਰੀ ਵਿੱਚ ਕਿਤਾਬਾਂ ਅਤੇ ਸਾਧਨਾਂ ਦੀ ਸਹੀ ਤਰੀਕੇ ਨਾਲ ਵਰਤੋਂ ਨਹੀਂ ਕੀਤੀ ਜਾ ਰਹੀ। ਭਵਿੱਖ ਵਿੱਚ ਇਸ ਮਾਪਦੰਡ ਅਨੁਸਾਰ ਕਾਲਜਾਂ ਦੀ ਤੁਲਨਾ ਕੀਤੀ ਜਾਵੇਗੀ।

8. ਫੈਕਲਟੀ ਮੈਂਬਰਜ਼ ਅਤੇ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਵਿੱਚ ਨਵੇਂ ਐਡੀਸ਼ਨਜ਼ ਤੋਂ ਜਾਣੂ ਕਰਵਾਉਣ ਲਈ ਈ.ਮੇਲ/ਐੱਸ.ਐੱਮ.ਐੱਸ./ਵੱਟਸਐਪ/ਫੇਸਬੁੱਕ ਆਦਿ ਦੀ ਵਰਤੋਂ ਕੀਤੀ ਜਾਵੇ।

9. ਕਾਲਜਾਂ ਵਿੱਚ ਪੜ੍ਹਨ ਵਾਲੇ ਬਹੁਤ ਸਾਰੇ ਵਿਦਿਆਰਥੀ ਅਤੇ ਅਧਿਆਪਕ ਖੁਦ ਬਹੁਤ ਚੰਗੇ ਲਿਖਾਰੀ ਹਨ, ਉਨ੍ਹਾਂ ਦੀਆਂ ਕੁਝ ਰਚਨਾਵਾਂ ਪ੍ਰਕਾਸ਼ਿਤ ਵੀ ਹੋਈਆਂ ਹਨ, ਸਬੰਧਤ ਕਾਲਜ ਵਿੱਚ ਇਸਨੂੰ ਹੋਰ ਉਤਸ਼ਾਹਿਤ ਕਰਨ ਲਈ ਫੈਕਲਟੀ ਮੈਂਬਰਜ਼ ਅਤੇ ਵਿਦਿਆਰਥੀਆਂ ਦੀਆਂ ਲਿਖਤਾਂ/ਕਿਤਾਬਾਂ ਨੂੰ ਲਾਇਬ੍ਰੇਰੀ ਵਿੱਚ ਡਿਸਪਲੇਅ ਕੀਤਾ ਜਾਵੇ, ਤਾਂ ਜੋ ਹੋਰਨਾਂ ਵਿਦਿਆਰਥੀਆਂ ਨੂੰ ਵੀ ਇਸ ਲਈ ਪ੍ਰੇਰਿਤ ਕੀਤਾ ਜਾ ਸਕੇ।

10. ਲਾਇਬ੍ਰੇਰੀ ਨਿਊਜ਼-ਲੈਟਰ, ਨਵੀਆਂ ਕਿਤਾਬਾਂ ਦੇ ਪ੍ਰਕਾਸ਼ਨ ਸਬੰਧੀ ਸਮੇਂ-ਸਮੇਂ ਤੇ ਇਸਦਾ ਕਾਲਜ ਵਿੱਚ ਪ੍ਰਚਾਰ-ਪ੍ਰਸਾਰ ਕੀਤਾ ਜਾਵੇ ਅਤੇ ਪ੍ਰਸਿੱਧ ਸਾਹਿਤਕਾਰਾਂ ਦੇ ਜਨਮ-ਦਿਨ ਉੱਪਰ ਪੁਸਤਕ ਪ੍ਰਦਰਸ਼ਨੀਆਂ ਲਗਾਈਆਂ ਜਾਣ।

11. ਕਾਲਜ ਦੀ ਵੈੱਬਸਾਈਟ ਉੱਪਰ ਲਾਇਬ੍ਰੇਰੀ ਲਿੰਕ ਦਿੱਤਾ ਜਾਵੇ ਤਾਂ ਜੋ ਪਬਲਿਕ ਵੀ ਲਾਇਬ੍ਰੇਰੀ ਕੈਟਾਲਾਗ ਦੀ ਆਨਲਾਈਨ ਵਰਤੋਂ ਕਰ ਸਕੇ।

12. ਕਾਲਜ ਵੱਲੋਂ ਲਾਇਬ੍ਰੇਰੀ ਵਿੱਚ ਇੰਟਰ-ਕਾਲਜ ਕਿਤਾਬ ਲੈਣ ਸਬੰਧੀ ਸੁਵਿਧਾ ਉਪਲਬਧ ਕਰਵਾਈ ਜਾਵੇ, ਜਿਸ ਤਹਿਤ ਦੂਜੇ ਸਰਕਾਰੀ ਕਾਲਜਾਂ ਦੇ ਵਿਦਿਆਰਥੀ ਆਪਣੇ ਕਾਲਜ ਲਾਇਬ੍ਰੇਰੀਅਨ ਦੇ ਸਿਫਾਰਸ਼-ਪੱਤਰ ਦੇ ਆਧਾਰ ਤੇ ਕਿਤਾਬਾਂ ਜਾਰੀ ਕਰਵਾ ਸਕਣ।

13. ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਦੇ ਨੇੜੇ ਜਾਰੀ ਕੀਤੀਆਂ ਕਿਤਾਬਾਂ ਪ੍ਰੀਖਿਆਵਾਂ ਖ਼ਤਮ ਹੋਣ ਤੋਂ ਬਾਅਦ ਹੀ ਵਾਪਸ ਲਈਆਂ ਜਾਣ ਤਾਂ ਜੋ ਵਿਦਿਆਰਥੀ ਸਲਾਨਾ ਪ੍ਰੀਖਿਆਵਾਂ ਦੌਰਾਨ ਇਨ੍ਹਾਂ ਕਿਤਾਬਾਂ ਦੀ ਸਹਾਇਤਾ ਨਾਲ ਵਧੀਆ ਤਿਆਰੀ ਕਰ ਸਕਣ। ਕਿਸੇ ਵੀ ਹਾਲਤ ਵਿੱਚ ਪ੍ਰੀਖਿਆਵਾਂ ਤੋਂ ਪਹਿਲਾਂ ਕਿਤਾਬਾਂ ਵਾਪਸ ਨਾ ਲਈਆਂ ਜਾਣ।

14. ਲਾਇਬ੍ਰੇਰੀ ਦੇ ਕਮਰੇ ਵਿੱਚ ਅੱਗ ਬੁਝਾਊ ਯੰਤਰ, ਘੜੀ, ਡਸਟਬਿਨ, ਫੁੱਟਮੈਟ ਆਦਿ ਵੀ ਲਗਾਇਆ ਜਾਵੇ।

15. ਲਾਇਬ੍ਰੇਰੀ ਕਮਰੇ ਵਿੱਚ 'ਪੁਸਤਕ ਰੀਵਿਊ ਕਾਰਨਰ/ਡਿਸਪਲੇਅ ਬੋਰਡ' ਬਣਾਇਆ ਜਾਵੇ, ਜਿਸ ਉੱਤੇ ਵਿਦਿਆਰਥੀਆਂ ਦੁਆਰਾ ਰੀਵਿਊ ਕੀਤੀਆਂ ਗਈਆਂ ਕਿਤਾਬਾਂ ਦਾ ਵੇਰਵਾ, ਹਫ਼ਤੇ/ਮਹੀਨੇ ਵਿੱਚ ਵੱਧ ਕਿਤਾਬਾਂ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਸੂਚੀ ਜਿਵੇਂ; 'ਲਾਇਬ੍ਰੇਰੀ ਸਟਾਰ ਆਫ ਦਾ ਵੀਕ/ਮੰਥ' ਵਿਦਿਆਰਥੀਆਂ ਦੀਆਂ ਰਚਨਾਵਾਂ ਆਦਿ ਤਸਵੀਰਾਂ ਸਹਿਤ ਲਗਾਈਆਂ ਜਾ ਸਕਣ।

16. ਵਿਦਿਆਰਥੀਆਂ ਵਿੱਚ ਸਾਹਿਤਕ ਅਤੇ ਸਿਰਜਨਾਤਮਕ ਰੁਚੀਆਂ ਪ੍ਰਫੁੱਲਿਤ ਕਰਨ ਅਤੇ ਨਿਖਾਰਨ ਹਿੱਤ ਸਮੇਂ-ਸਮੇਂ ਤੇ ਲਾਇਬ੍ਰੇਰੀ ਲੰਗਰ/ਪੁਸਤਕ ਮੇਲੇ ਲਗਾਏ ਜਾਣ।

17. ਹਰੇਕ ਕਾਲਜ ਵਿੱਚ ਵਿਦਿਆਰਥੀਆਂ ਦੇ 'ਭਾਸ਼ਾ ਮੰਚਾਂ' ਦਾ ਗਠਨ ਕੀਤਾ ਜਾਵੇ। ਇਨ੍ਹਾਂ ਭਾਸ਼ਾ ਮੰਚਾਂ ਵੱਲੋਂ ਮਹੀਨਾਵਾਰ ਸਾਹਿਤਕ ਸਮਾਗਮ ਕਰਵਾਇਆ ਜਾ ਸਕਦਾ ਹੈ ਜਿਸ ਵਿੱਚ ਲੋਕਲ ਪੱਧਰ ਉੱਤੇ ਪ੍ਰਸਿੱਧ ਲੇਖਕਾਂ/ਕਵੀਆਂ ਦੀ ਸ਼ਮੂਲੀਅਤ ਕਰਵਾਈ ਜਾ ਸਕਦੀ ਹੈ।

18. ਸਭ ਤੋਂ ਵੱਧ ਪੜ੍ਹੀਆਂ ਜਾਣ ਵਾਲੀਆਂ ਕਿਤਾਬਾਂ ਦੀ ਸੂਚੀ ਅਤੇ ਵੱਧ ਕਿਤਾਬਾਂ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਨਾਂ ਵੀ ਲਾਇਬ੍ਰੇਰੀ ਵਿੱਚ ਨੋਟਿਸ ਬੋਰਡ ਉੱਪਰ ਡਿਸਪਲੇਅ ਕੀਤੇ ਜਾਣ।

**2.0** ਆਪ ਨੂੰ ਲਿਖਿਆ ਜਾਂਦਾ ਹੈ ਕਿ ਵਿਭਾਗ ਦੁਆਰਾ ਜਾਰੀ ਹਦਾਇਤਾਂ ਮਿਤੀ 26.12.2021 ਅਤੇ ਉਕਤ ਦਰਜ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ। ਇਸ ਸਬੰਧੀ ਆਪਣੇ ਕਾਲਜ ਵਿੱਚ ਇੱਕ ਬ੍ਰੇਨ ਸਟਾਰਮਿੰਗ ਸੈਸ਼ਨ ਕਰਵਾਇਆ ਜਾਵੇ, ਜਿਸ ਵਿੱਚ ਇਹ ਗੱਲ ਵਿਚਾਰੀ ਜਾਵੇ ਕਿ ਲਾਇਬ੍ਰੇਰੀ ਦਾ ਵੱਧ ਤੋਂ ਵੱਧ ਫਾਇਦਾ ਕਿਸ ਤਰ੍ਹਾਂ ਲਿਆ ਜਾ ਸਕਦਾ ਹੈ। ਇਸ ਵਿੱਚ ਕਾਲਜ ਪ੍ਰਿੰਸੀਪਲ, ਅਧਿਆਪਕਾਂ ਅਤੇ ਚੋਣਵੇਂ ਵਿਦਿਆਰਥੀਆਂ ਨੂੰ ਸ਼ਾਮਿਲ ਕੀਤਾ ਜਾਵੇ।

**3.0** ਲਾਇਬ੍ਰੇਰੀ ਦੀ ਸਾਂਭ-ਸੰਭਾਲ ਲਈ ਇੱਕ ਕਮੇਟੀ ਬਣਾਈ ਜਾਵੇ, ਜਿਸ ਵਿੱਚ ਕਾਲਜ ਦੇ ਕੁਝ ਅਧਿਆਪਕ ਅਤੇ ਵਿਦਿਆਰਥੀ ਇਸ ਵਿੱਚ ਸ਼ਾਮਿਲ ਹੋਣ।

**ਸਕੱਤਰ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ**

ਮਿਤੀ:

ਪਿੱਠ ਅੰਕਣ ਨੰ.

ਉਪਰੋਕਤ ਦਾ ਉਤਾਰਾ ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ) ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਸਕੱਤਰ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ**